# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ (1)

ਆਰਤੂਰੋ ਯੂ.ਈ. ਬਰੈਸ਼ਟ ਦਾ ਉਹ ਨਾਟਕ ਹੈ ਜੋ ਉਸ ਨੇ 1941 ਵਿਚ ਫਾਸ਼ੀਵਾਦ ਦੇ ਵਿਰੁੱਧ ਲਿਖਿਆ ਸੀ। ਇਸ ਨਾਟਕ ਦਾ ਕੇਂਦਰੀ ਵਿਸ਼ਾ ਹੈ ਕਿ ਕਿਸ ਤਰ੍ਹਾਂ ਗੁੰਡਾ ਜੁੰਡਲੀਆਂ, ਗੁੰਡਾਗਰਦੀ ਦੇ ਜ਼ੋਰ 'ਤੇ ਲੋਕਾਂ ਵਿਚ ਦਹਿਸ਼ਤ ਫੈਲਾਉਂਦੀਆਂ ਹਨ ਤੇ ਫੇਰ ਹੌਲੇ ਹੌਲੇ ਦੇਸ਼ ਦੀ ਸਿਆਸਤ ਉਤੇ ਕਾਬਜ਼ ਹੋ ਜਾਂਦੀਆਂ ਹਨ। ਆਰਤੂਰੋ ਯੂ.ਈ. ਇਕ ਐਸਾ ਪਾਤਰ ਹੈ, ਜੋ ਇਸ ਗੁੰਡਾਗਰਦੀ ਸਿਆਸਤ ਨੂੰ ਬਾਕਾਇਦਾ ਇਕ ਸਿਧਾਂਤ ਦਿੰਦਾ ਹੈ। ਉਹ ਕੌਮਵਾਦ, ਜਾਤੀਵਾਦ, ਧਰਮਵਾਦ ਆਦਿਕ ਦੇ ਸਾਰੇ ਹਥਿਆਰ ਲੋਕਾਂ ਵਿਚ ਆਪਣਾ ਵਕਾਰ ਬਣਾਉਣ ਲਈ ਵਰਤਦਾ ਹੈ ਪਰ ਇਸ ਦੇ ਨਾਲ ਹੀ ਜਦੋਂ ਉਹ ਲੋਕਾਂ ਵਿਚ ਵਿਚਰਦਾ ਹੈ ਤਾਂ ਪਿਛੋਕੜ ਵਿਚ ਬੜੇ ਡਰਾਉਣੇ ਲਿਬਾਸ ਵਿਚ ਹਥਿਆਰਾਂ ਨਾਲ ਲੈਸ ਉਹਦੀ ਜੁੰਡਲੀ ਦੇ ਮੈਂਬਰ ਲੋਕਾਂ ਨੂੰ ਦਿਸਦੇ ਇਸ ਦੇ ਰਹਿੰਦੇ ਹਨ। ਇਹ ਇਸ ਗੱਲ ਵੱਲ ਸਪਸ਼ਟ ਇਸ਼ਾਰਾ ਕਰਦੇ ਹਨ ਕਿ ਜੋ ਵੀ ਉਹਦੇ ਹੁਕਮ ਵਿਚ ਨਹੀਂ ਚਲੇਗਾ, ਉਹਦਾ ਹਸ਼ਰ ਕੀ ਹੋਵੇਗਾ। ਨਾਟਕ ਦਾ ਅਸਲੀ ਨਾਂ ਹੈ 'ਆਰਤੂਰੋ ਯੂ.ਈ. ਨੂੰ ਰੋਕਿਆ ਜਾ ਸਕਦਾ ਹੈ।' ਦਿੱਲੀ ਦੇ ਇਕ ਨਾਟਕ ਗਰੁੱਪ 'ਪਾਂਡੀਜ਼ ਥੀਏਟਰ' ਨੇ ਇਹ ਨਾਟਕ ਪੇਸ਼ ਕਰ ਕੇ ਅੱਜ ਦੇ ਭਾਰਤ ਵਿਚ ਸਿਆਸਤ ਨੂੰ ਅਪਰਾਧੀਕਰਨ ਦਾ ਜੋ ਵਰਤਾਰਾ ਚਲ ਰਿਹਾ ਹੈ ਤੇ ਨਾਲ ਹੀ ਉਠ ਰਹੇ ਫਾਸ਼ੀਵਾਦ ਵੱਲ ਲੋਕਾਂ ਦਾ ਧਿਆਨ ਦਿਵਾਇਆ ਹੈ। ਕਲਾ ਮਾਨਵੀ ਕਦਰਾਂ ਕੀਮਤਾਂ ਦੇ ਹੱਕ ਵਿਚ ਕਿਸ ਤਰ੍ਹਾਂ ਆਪਣੀ ਇਕ ਅਸਰਦਾਇਕ ਭੂਮਿਕਾ ਨਿਭਾ ਸਕਦੀ ਹੈ, ਇਹ ਨਾਟਕ ਇਹਦੀ ਇਕ ਮਿਸਾਲ ਹੈ।

★

ਨਿਰਦੇਸ਼ਕ ਸ਼ੇਖਰ ਕਪੂਰ ਨੇ ਫੂਲਾਂ ਦੇਵੀ ਦੀ ਜੀਵਨੀ 'ਤੇ ਇਕ ਫਿਲਮ ਬਣਾਈ ਹੈ - 'ਦੀ ਬੈਂਡਿਟ ਕੁਈਨ' - (ਡਾਕੂਆਂ ਦੀ ਰਾਣੀ)। ਇਹ ਫਿਲਮ (ਫਰਾਂਸ) ਦੇ ਅੰਤਰਰਾਸ਼ਟਰੀ ਫਿਲਮ ਮੇਲੇ ਵਿਚ ਵਿਖਾਈ ਗਈ ਹੈ ਜਿੱਥੇ ਉਸ ਨੂੰ ਇਕ ਸ਼ਾਹਕਾਰ ਦਾ ਦਰਜਾ ਪ੍ਰਾਪਤ ਹੋਇਆ। ਫੂਲਾਂ ਦੇਵੀ ਦੀ ਜੀਵਨੀ, ਕਿਸ ਤਰ੍ਹਾਂ ਉਹ ਛੋਟੀ ਉਮਰ ਵਿਚ ਹੀ ਆਪਣੀ ਉਮਰ ਤੋਂ ਕਿਤੇ ਵੱਧ ਉਮਰ ਦੇ ਬੰਦੇ ਨਾਲ ਵਿਆਹੀ ਗਈ, ਉਸ ਬੰਦੇ ਦੀ ਬਦਸਲੂਕੀ ਕਰਕੇ ਉਸ ਨੂੰ ਪੇਕੇ ਵਾਪਸ ਆਉਣਾ ਪਿਆ। ਉਹ ਨੀਂਵੀਂ ਜਾਤ ਵਿਚੋਂ ਹੈ, ਇਸ ਲਈ ਉਚ ਜਾਤੀ ਵਾਲੇ ਠਾਕੁਰ ਉਹਦੀ ਹਰ ਕਦਮ 'ਤੇ ਬੇਪੱਤੀ ਕਰਨੀ ਆਪਣਾ ਹੱਕ ਸਮਝਦੇ ਹਨ। ਫੂਲਾਂ ਦੇਵੀ ਆਪਣੀ ਜਾਤ ਵਿਚੋਂ ਬਣੇ ਇਕ ਡਾਕੂ ਨਾਲ ਰਹਿਣਾ ਸ਼ੁਰੂ ਕਰ ਦਿੰਦੀ ਹੈ। ਫੂਲਾਂ ਦਾ ਉਹ ਡਾਕੂ ਸਾਥੀ ਠਾਕੁਰਾਂ ਦੇ ਇਕ ਡਾਕੂ ਗਰੋਹ ਦੇ ਹੱਥੋਂ ਮਾਰਿਆ ਜਾਂਦਾ ਹੈ। ਫੂਲਾਂ ਨੂੰ ਸਮੂਹ ਬਲਾਤਕਾਰੀ ਰਾਹੀਂ ਬੇਪੱਤ ਕੀਤਾ ਜਾਂਦਾ ਹੈ। ਹੁਣ ਫੂਲਾਂ ਰਾਣੀ ਆਪ ਡਾਕੂ ਬਣਦੀ ਹੈ। ਉਨ੍ਹਾਂ ਠਾਕੁਰਾਂ ਦੀ ਅਲਖ ਮੁਕਾਂਦੀ ਹੈ। ਸਮੂਹ ਬਲਾਤਕਾਰੀ, ਸਮੂਹ ਕਤਲ ਆਦਿਕ ਇਸ ਫਿਲਮ ਵਿਚ ਵਿਖਾਏ ਗਏ ਹਨ। ਸੰਸਾਰ ਭਰ ਦੇ ਫਿਲਮ ਆਲੋਚਕਾਂ ਵਲੋਂ ਇਸ ਫਿਲਮ ਬਾਰੇ ਕਿਹਾ ਗਿਆ ਹੈ ਕਿ ਯਥਾਰਥ ਦੇ ਏਨੇ ਨੇੜੇ ਦੀ ਫਿਲਮ ਆਪਣੇ ਆਪ ਵਿਚ ਫਿਲਮ-ਕਲਾ ਦੀ ਇਕ ਵਿਸ਼ੇਸ਼ ਪ੍ਰਾਪਤੀ ਹੈ। ਇਹ ਫਿਲਮ ਦਿੱਲੀ 'ਚ ਇਕ ਪ੍ਰਾਈਵੇਟ ਸ਼ੋਅ ਦੇ ਜ਼ਰੀਏ ਪੱਤਰਕਾਰਾਂ ਨੂੰ ਵਿਖਾਈ ਗਈ ਤਾਂ ਇਕ ਝਟਕੇ ਵਾਂਗ ਉਨ੍ਹਾਂ ਦਾ ਪ੍ਰਤੀਕਰਮ ਹੋਇਆ। ਮਾਲਾਸੈਨ ਦੇ ਇਸ ਨਾਂ ਦੇ ਨਾਵਲ ਨੂੰ ਸ਼ੇਖਰ ਕਪੂਰ ਨੇ ਜਿਸ ਤਰ੍ਹਾਂ ਫਿਲਮਾਇਆ ਹੈ ਉਸ ਨੇ ਸਾਬਤ ਕੀਤਾ ਹੈ ਕਿ ਉਹ ਨਿਰਦੇਸ਼ਕ ਸੰਸਾਰ ਪੱਧਰ ਦੇ ਜਾਣੇ ਪਹਿਚਾਣੇ ਨਿਰਦੇਸ਼ਕਾਂ ਦੇ ਬਰਾਬਰ ਖਲੋਂਦਾ ਹੈ। ਦਿੱਲੀ ਦੇ ਨੈਸ਼ਨਲ ਸਕੂਲ ਆਫ ਡਰਾਮਾ ਦੀ ਦੇਣ ਸੀਮਾ ਬਿਸਵਾਸ ਨੇ ਫੂਲਾਂ ਦੇਵੀ ਦੀ ਭੂਮਿਕਾ ਭਿਉਂਦੇ ਹੋਏ ਜੋ ਕਮਾਲ ਵਿਖਾਈ ਹੈ ਉਹ ਥੀਏਟਰ ਖੇਤਰ ਲਈ ਇਕ ਮਾਣ ਵਾਲੀ ਗੱਲ ਹੈ। ਇਹ ਫਿਲਮ ਹਾਲੇ ਭਾਰਤੀ ਸੈਂਸਰ ਬੋਰਡ ਨੇ ਪਾਸ ਨਹੀਂ ਕੀਤੀ। ਬਾਕੀ ਸਾਰੀ ਦੁਨੀਆਂ ਵਿਚ ਫਿਲਮ ਵਿਖਾਈ ਜਾ ਰਹੀ ਹੈ। ਭਾਰਤ ਦੇ ਲੋਕਾਂ ਨੂੰ ਇਹ ਫਿਲਮ ਜਿਸ ਵਿਚ ਭਾਰਤ ਦੇ ਸਮਾਜ ਦਾ ਇਕ ਘ੍ਰਿਣਾਯੋਗ ਪਹਿਲੂ ਬੜੀ ਬੇਬਾਕੀ ਨਾਲ ਵਿਖਾਇਆ ਗਿਆ ਹੈ ਕਦੋਂ ਵੇਖਣ ਨੂੰ ਮਿਲਦੀ ਹੈ, ਇਹ ਹਾਲੇ ਇਕ ਸਵਾਲ ਹੈ। ਇਕ ਖ਼ਬਰ ਅਨੁਸਾਰ ਫੂਲਾਂ ਦੇਵੀ ਨੇ ਇਸ ਫਿਲਮ ਨਾਲ ਆਪਣੀ ਅਸਹਿਮਤੀ ਵਿਖਾਈ ਹੈ ਕਿਉਂਕਿ ਹੁਣ ਉਸ ਨੇ ਨਵੀਂ ਜ਼ਿੰਦਗੀ ਸ਼ੁਰੂ ਕੀਤੀ ਹੈ। ਉਹ ਆਪਣਾ ਅਤੀਤ ਯਾਦ ਨਹੀਂ ਕਰਨਾ ਚਾਹੁੰਦੀ।

ਟੀ.ਵੀ. ਅਤੇ ਫਿਲਮਾਂ ਵਿਚ ਵੱਡੇ ਪੈਮਾਨੇ 'ਤੇ ਵਿਖਾਈ ਜਾ ਰਹੀ ਅਸ਼ਲੀਲਤਾ ਵਿਰੁੱਧ ਇਕ ਜ਼ਬਰਦਸਤ ਰੋਸ ਦੀ ਆਵਾਜ਼ ਉਠ ਰਹੀ ਹੈ। ਪਹਿਲੇ ਤਾਂ ਇਕ ਚੋਲੀ ਦਾ ਗੀਤ ਚਰਚਾ ਦਾ ਵਿਸ਼ਾ ਬਣਿਆ ਸੀ, ਹੁਣ ਲੜੀ ਦੀ ਲੜੀ ਇਨ੍ਹਾਂ ਗੀਤਾਂ ਦੀ ਆ ਗਈ ਹੈ। ਫਿਲਮ ਨਿਰਮਾਤਾਵਾਂ ਵਲੋਂ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਫਿਲਮਾਂ ਨੂੰ ਸਫਲ ਬਣਾਉਣ ਲਈ ਇਹ ਸਭ ਕੁਝ ਕਰਨਾ ਪੈਂਦਾ ਹੈ। ਟਿਕਟ ਖਿੜਕੀ ਦੀ ਇਹ ਮਜਬੂਰੀ ਹੈ ਪਰ 1942-ਏ ਲਵ ਸਟੋਰੀ ਦੇ ਗੀਤਾਂ ਦੀ ਸਫਲਤਾ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਚੰਗੇ ਸੰਗੀਤ ਦੀ ਆਪਣੀ ਹੀ ਇਕ ਸ਼ਕਤੀ ਹੈ। ਸੈਂਸਰ ਬੋਰਡ ਨੇ ਫੈਸਲਾ ਲਿਆ ਹੈ ਕਿ ਪ੍ਰਚੱਲਤ 21 ਗੀਤਾਂ ਉਤੇ ਇਕਦਮ ਰੋਕ ਲਗਾ ਦਿੱਤੀ ਜਾਏ। ਇਨ੍ਹਾਂ ਵਿਚ 'ਸਰਕਾ ਦਿਓ ਖੱਟੀਆ', 'ਮੇਰੇ ਬਾਗ ਵਿਚ ਨਾਰੰਗੀ ਆਦਿਕ ਗੀਤ ਸ਼ਾਮਲ ਹਨ। ਇਹ ਸਾਰੇ ਪਹਿਲੇ ਸੈਂਸਰਸ਼ੁਦਾ ਫਿਲਮਾਂ ਦੇ ਗੀਤ ਹਨ ਪਰ ਲੋਕ ਆਵਾਜ਼ ਨੂੰ ਮੁੱਖ ਰਖਦੇ ਹੋਏ ਇਨ੍ਹਾਂ ਗੀਤਾਂ ਉਤੇ ਸੈਂਸਰ ਕੈਂਚੀ ਲਗਾਈ ਗਈ ਹੈ। ਪੰਜਾਬੀ ਦੀਆਂ ਬਹੁਤ ਸਾਰੀਆਂ ਕੈਸਟਾਂ ਉਤੇ ਵੀ ਇਹੋ ਜਿਹੀ ਸੈਂਸਰ ਦੀ ਪਾਬੰਦੀ, ਸਮੇਂ ਦੀ ਲੋੜ ਹੈ।

28-8-94